


ਇਹ ਸਾਧਨ ਓਨਟੈਰੀਓ ਭਰ ਦੇਭਾਈਚਾਰਿਆਂਵਿੱਚ ਉਪਲਬਧ ਰਿਹਾਇਸ਼ੀਸ਼ ਸਹਾਇਤਾ ਦੀ ਇੱਕਸ਼ਸਨੈਪਸ਼ਾਟ ਪ੍ਰਦਾਨ ਕਰਦਾ ਹੈਜੋਜੈਂਡਰ-ਬੇਸਡ ਵਾਇਲੈਂਸ (GBV) ਤੋਂਬਚਣ ਵਾਲੇਸ਼ਲੋਕਾਂ ਅਤੇਸ਼ਉਹਨਾਂ ਦੇਬੱਚਿਆਂਲਈ ਮਦਦਗਾਰ ਹੋਸਕਦੀ ਹੈ। ਤੁਸੀਂ ਕਿੱਥੇਰਿਹੰਦੇਹੋਇਸਦੇਆਧਾਰ 'ਤੇਸ਼ਉਪਲਬਧ ਸਹਾਇਤਾਵਾਂ ਵਿੱਚ ਭਿੰਨਤਾਵਾਂ ਹਨ।

## ਮਹਤਵਪੂਰਨ ਸੁਝਾਅ

- ਜੇਕਰ ਤੁਸੀਂ ਹਿੰਸਾ ਜਾਂ ਦੁਰਵਿਵਹਾਰ ਤੋਂ ਬਚੇ ਹੋਏ ਵਿਅਕਤੀ ਹੋ, ਤਾਂ ਓਨਟੈਰੀਓ ਵਿੱਚ ਹਾਊਸਿੰਗ ਸਿਸਟਮਾਂ ਵਿੱਚੋਂ ਨੈਵੀਗੇਟ ਕਰਨ ਲਈ ਸਹਾਇਤਾ ਉਪਲਬਧ ਹੈ। ਓਨਟੈਰੀਓ ਵਿੱਚ ਇੱਕ ਟ੍ਰਾਂਜ਼ੀਸ਼ਨਲ ਐਂਡ ਹਾਊਸਿੰਗ ਸਪੋਰਟ ਪ੍ਰੋਗਰਾਮ (THSP), ਜਾਂ ਇੱਕ GBV ਸ਼ੈਲਟਰ ਲੱਭਣ ਲਈ mulberryfinder.ca 'ਤੇ ਜਾਓ। ਟ੍ਰਾਂਜ਼ੀਸ਼ਨਲ ਸਹਾਇਤਾਵਾਂ ਬਾਰੇ ਹੋਰ ਜਾਣੋ: bit.ly/UnderstandingTHSPEnglish
- ਹਾਊਸਿੰਗ ਅਧਿਕਾਰਾਂ ਦੇ ਸਬੰਧ ਵਿੱਚ ਓਨਟੈਰੀਓ ਵਿੱਚ ਦੁਰਵਿਵਹਾਰ ਅਤੇ ਹਿੰਸਾ ਤੋਂ ਬਚੇ ਲੋਕਾਂ ਲਈ ਕਾਨੂੰਨੀ ਹਿਮਾਇਤ ਉਪਲਬਧ ਹੈ। ਪੂਰੇ ਓਨਟੈਰੀਓ ਵਿੱਚ ਲੀਗਲ ਕਲੀਨਿਕ ਹਨ ਜੋ ਅਕਸਰ ਹੇਠਾਂ ਦਿੱਤੀਆਂ ਹਾਊਸਿੰਗ ਸਪੋਰਟਾਂ ਨਾਲ ਸਬੰਧਤ ਸਹਾਇਤਾ ਅਤੇ ਹਿਮਾਇਤ ਪ੍ਰਦਾਨ ਕਰ ਸਕਦੇ ਹਨ। ਇੱਥੇ ਇੱਕ ਲੀਗਲ ਕਲੀਨਿਕ ਲੱਭੋ: bit.ly/LegalClinicsOntario  ਸੇਵਾ ਤੱਕ ਪਹੁੰਚਣ ਲਈ ਤੁਹਾਡੇ ਲਈ ਉਸ ਖੇਤਰ ਵਿੱਚ ਰਹਿਣਾ ਜ਼ਰੂਰੀ ਹੈ ਜਿੱਥੇ ਕਲੀਨਿਕ ਸਥਿਤ ਹੈ। ਇਨ੍ਹਾਂ ਨਾਲ ਸੰਬੰਧਿਤ ਕਾਨੂੰਨੀ ਸਹਾਇਤਾ ਨਾਲ ਜੁੜਨਾ ਮਦਦਗਾਰ ਹੋ ਸਕਦਾ ਹੈ:
  - ਹਾਊਸਿੰਗ ਸਪੋਰਟ ਲਈ ਉਡੀਕ ਸੂਚੀ ਵਿੱਚੋਂ ਹਟਾਇਆ ਜਾਣਾ
  - ਇਹ ਦੱਸਿਆ ਜਾਣਾ ਹੈ ਕਿ ਤੁਸੀਂ ਹਾਊਸਿੰਗ ਸਹਾਇਤਾ ਲਈ ਯੋਗ ਨਹੀਂ ਹੋ
  - ਮਕਾਨ ਮਾਲਿਕ ਜਾਂ ਸਮਾਜਿਕ ਸੋਸ਼ਲ ਹਾਊਸਿੰਗ ਪ੍ਰਦਾਤਾ ਦੁਆਰਾ ਘਰੋਂ ਕੱਢੇ ਜਾਣ ਨਾਲ ਲੜਨਾ
  - ਤੁਹਾਡੀ ਕਿਰਾਏਦਾਰੀ ਨੂੰ ਖਤਮ ਕਰਨਾ
  - ਕਿਰਾਏਦਾਰ ਦੀਆਂ ਅਰਜ਼ੀਆਂ
- ਸਟੈਪਸ ਟੂ ਜਸਟਿਸ ਤੋਂ ਘਰ ਖਾਲੀ ਕਰਨ ਅਤੇ ਕਾਨੂੰਨੀ ਤੌਰ 'ਤੇ ਆਪਣੀ ਹਾਊਸਿੰਗ ਨੂੰ ਕਿਵੇਂ ਖਤਮ ਕਰਨਾ ਹੈ ਬਾਰੇ ਹੋਰ ਜਾਣੋ: bit.ly/StepstoJusticeEndingLease
- ਜੇਕਰ ਤੁਸੀਂ GBV ਦਾ ਅਨੁਭਵ ਕਰ ਰਹੇ ਹੋ, ਤਾਂ ਤੁਸੀਂ ਆਪਣੀ ਕਿਰਾਏਦਾਰੀ ਨੂੰ ਜਲਦੀ ਖਤਮ ਕਰ ਸਕਦੇ ਹੋ। CLEO ਦੀ ਵੈੱਬਸਾਈਟ 'ਤੇ ਆਪਣੀ ਲੀਜ਼ ਨੂੰ ਜਲਦੀ ਖਤਮ ਕਰਨ ਬਾਰੇ ਹੋਰ ਜਾਣੋ: bit.ly/MovingOutGBV
- ਜ਼ਿਆਦਾਤਰ ਰਿਹਾਇਸ਼ੀ ਵਿਕਲਪਾਂ ਵਿੱਚ ਹੇਠ ਲਿਖੇ ਯੋਗਤਾ ਮਾਪਦੰਡ ਹਨ:
  - ਅਪਲਾਈ ਕਰਨ ਵਾਲੇ ਘੱਟੋ-ਘੱਟ ਇੱਕ ਵਿਅਕਤੀ ਦੀ ਉਮਰ 16 ਸਾਲ ਤੋਂ ਵੱਧ ਹੈ
  - ਘਰ ਵਿੱਚ ਰਹਿਣ ਵਾਲੇ ਕਿਸੇ ਵੀ ਵਿਅਕਤੀ ਲਈ ਹਟਾਉਣ ਦਾ ਮੌਜੂਦਾ ਆਦੇਸ਼ ਨਹੀਂ ਹੈ
  - ਘਰ ਵਿੱਚ ਰਹਿਣ ਵਾਲਾ ਹਰ ਵਿਅਕਤੀ ਜਾਂ ਤਾਂ ਕਨੇਡੀਅਨ ਨਾਗਰਿਕ, ਸਥਾਈ ਨਿਵਾਸੀ, ਰਫ਼ਿਊਜੀ, ਜਾਂ ਕੋਈ ਅਜਿਹਾ ਵਿਅਕਤੀ ਹੈ ਜਿਸਨੇ ਰਫ਼ਿਊਜੀ ਦਾ ਦਾਅਵਾ ਕੀਤਾ ਹੈ ਜਾਂ ਸਥਾਈ ਨਿਵਾਸ ਲਈ ਅਰਜ਼ੀ ਦਿੱਤੀ ਹੈ (1)
- ਭਾਵੇਂ ਤੁਹਾਡੇ ਕੋਲ ਯੋਗਤਾ ਦੇ ਮਾਪਦੰਡ ਦੇ ਤਹਿਤ ਲੋੜੀਂਦੇ ਸਾਰੇ ਦਸਤਾਵੇਜ਼ ਨਹੀਂ ਹਨ, ਤਾਂ ਵੀ ਕਈ ਵਾਰ ਇਸ ਨੂੰ ਨਜ਼ਰਅੰਦਾਜ਼ ਕੀਤਾ ਜਾ ਸਕਦਾ ਹੈ, ਉਦਾਹਰਨ ਲਈ ਅਜਿਹੇ ਮਾਮਲਿਆਂ ਵਿੱਚ ਜਿੱਥੇ ਦਸਤਾਵੇਜ਼ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨਾ ਕਿਸੇ ਨੂੰ ਨੁਕਸਾਨ ਦੇ ਖ਼ਤਰੇ ਵਿੱਚ ਪਾਉਂਦਾ ਹੈ।

- ਇਹ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਬਚੇ ਹੋਏ ਵਿਅਕਤੀ ਇੱਕ ਹਾਊਸਿੰਗ ਵਰਕਰ ਨਾਲ ਉਸ ਹਾਊਸਿੰਗ ਵਿਕਲਪ ਬਾਰੇ ਚਰਚਾ ਕਰਨ ਜੋ ਉਹਨਾਂ ਦੀਆਂ ਲੋੜਾਂ ਲਈ ਸਭ ਤੋਂ ਵਧੀਆ ਹੈ।

## ਰੈਂਟ-ਗੀਅਰਡ-ਟੂ-ਇਨਕਮ (RGI) ਹਾਊਸਿੰਗ

**ਕੀ:** RGI ਹਾਊਸਿੰਗ ਇੱਕ ਕਿਸਮ ਦੀ ਸਬਸਿਡੀ ਵਾਲੀ/ਕਿਫਾਇਤੀ ਰਿਹਾਇਸ਼ ਹੈ ਜੋ ਓਨਟੈਰੀਓ ਵਿੱਚ ਸ਼ਹਿਰਾਂ, ਡਿਸਟ੍ਰਿਕਟਾਂ, ਕਾਉਂਟੀਆਂ ਜਾਂ ਰੀਜਨਾਂ ਦੁਆਰਾ ਪੇਸ਼ ਕੀਤੀ ਜਾਂਦੀ ਹੈ। RGI ਹਾਊਸਿੰਗ ਵਿੱਚ, ਕਿਰਾਏ ਦੀ ਗਣਨਾ ਘਰੇਲੂ ਆਮਦਨ ਦੇ ਆਧਾਰ 'ਤੇ ਕੀਤੀ ਜਾਂਦੀ ਹੈ। ਆਮ ਤੌਰ 'ਤੇ, ਇਸਦੀ ਗਣਨਾ ਪਰਿਵਾਰ ਦੀ ਮਾਸਿਕ ਸ਼ੁੱਧ ਆਮਦਨ ਦੇ 30% 'ਤੇ ਕੀਤੀ ਜਾਂਦੀ ਹੈ।

**ਕੌਣ:** ਘੱਟ ਆਮਦਨ ਵਾਲੇ ਪਰਿਵਾਰ। ਹਰੇਕ ਸਰਵਿਸ ਮੈਨੇਜਰ ਆਮਦਨ ਪੱਧਰ ਦੀਆਂ ਸੀਮਾਵਾਂ ਦਾ ਫੈਸਲਾ ਕਰਦਾ ਹੈ ਅਤੇ ਅਪਵਾਦਾਂ ਨੂੰ ਮਨਜ਼ੂਰੀ ਦੇ ਸਕਦਾ ਹੈ।

**ਕਿੱਥੇ:** ਆਪਣੇ ਸਥਾਨਕ ਸਰਵਿਸ ਮੈਨੇਜਰ ਨੂੰ ਲੱਭੋ: bit.ly/FindServiceManagerOntario RGI ਉਡੀਕ ਦੇ ਆਮ ਸਮੇਂ ਪੂਰੇ ਓਨਟੈਰੀਓ ਵਿੱਚ ਬਹੁਤ ਜ਼ਿਆਦਾ ਹਨ ਕਿਉਂਕਿ ਰਿਹਾਇਸ਼ ਦੀ ਘਾਟ ਹੈ।

ਐਪਲੀਕੇਸ਼ਨ ਫਾਰਮ ਵਿੱਚ ਸਾਰੀ ਉਪਲਬਧ RGI ਹਾਊਸਿੰਗ ਸ਼ਾਮਲ ਹੋ ਸਕਦੀ ਹੈ, ਜਾਂ ਵਿਸ਼ੇਸ਼ RGI ਹਾਊਸਿੰਗ ਲਈ ਵੱਖ-ਵੱਖ ਅਰਜ਼ੀਆਂ ਹੋ ਸਕਦੀਆਂ ਹਨ ਜਿਵੇਂ ਕਿ GBV ਤੋਂ ਬਚੇ ਲੋਕਾਂ ਲਈ ਟ੍ਰਾਂਜ਼ੀਸ਼ਨਲ ਹਾਊਸਿੰਗ ਅਤੇ ਇੰਡਿਜਨਸ ਹਾਊਸਿੰਗ ਸੇਵਾਵਾਂ।

**ਕਿਉਂ:** RGI ਤੱਕ ਪਹੁੰਚ ਕਰਨ ਨਾਲ ਕਿਰਾਇਆ ਹੋਰ ਕਿਫਾਇਤੀ ਹੋ ਸਕਦਾ ਹੈ।

**ਕਿਵੇਂ:** ਅਰਜ਼ੀ ਵਿੱਚ ਇੱਕ ਪਛਾਣ ਦਸਤਾਵੇਜ਼ ਲਈ ਬੇਨਤੀਆਂ ਸ਼ਾਮਲ ਹੋਣਗੀਆਂ ਜਿਵੇਂ ਕਿ ਜਨਮ ਸਰਟੀਫਿਕੇਟ, ਅਤੇ ਆਮਦਨ ਦੀ ਪੁਸ਼ਟੀ ਕਰਨ ਲਈ ਕਨੇਡੀਅਨ ਰੈਵੇਨਿਊ ਏਜੰਸੀ ਤੋਂ ਮੁਲਾਂਕਣ ਦਾ ਨੋਟਿਸ। ਜੇਕਰ ਤੁਹਾਡੇ ਕੋਲ ਇਹ ਦਸਤਾਵੇਜ਼ ਨਹੀਂ ਹਨ, ਤਾਂ ਇੱਕ THSP ਵਰਕਰ ਉਹਨਾਂ ਨੂੰ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ ਜਾਂ ਸਰਵਿਸ ਮੈਨੇਜਰ ਨੂੰ ਦੱਸ ਸਕਦਾ ਹੈ ਕਿ ਇਹ ਸੰਭਵ ਕਿਉਂ ਨਹੀਂ ਹੈ।

## ਸਪੈਸ਼ਲ ਪ੍ਰਾਇਔਰਿਟੀ ਪ੍ਰੋਗਰਾਮ (SPP)

**ਕੀ:** SPP ਦਾ ਉਦੇਸ਼ ਲਿੰਗ-ਆਧਾਰਿਤ ਹਿੰਸਾ ਅਤੇ ਮਨੁੱਖੀ ਤਸਕਰੀ ਤੋਂ ਬਚੇ ਲੋਕਾਂ ਨੂੰ RGI ਹਾਊਸਿੰਗ ਤੱਕ ਤੇਜ਼ ਪਹੁੰਚ ਪ੍ਰਦਾਨ ਕਰਨਾ ਹੈ। ਹਾਲਾਂਕਿ, ਉਡੀਕ ਦੇ ਸਮੇਂ ਅਜੇ ਵੀ ਮਹੱਤਵਪੂਰਨ ਹੋ ਸਕਦੇ ਹਨ ਅਤੇ ਭਾਈਚਾਰਿਆਂ ਵਿੱਚ ਵੱਖ-ਵੱਖ ਹੋ ਸਕਦੇ ਹਨ।

**ਕੌਣ:**
ਬਿਨੈਕਾਰ ਲਾਜ਼ਮੀ ਤੌਰ 'ਤੇ ਇਹ ਹੋਣੇ ਚਾਹੀਦੇ ਹਨ*:*

- 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ
- * ਦੁਰਵਿਵਹਾਰ ਤੋਂ ਬਚਿਆ ਵਿਅਕਤੀ ਜਾਂ ਦੁਰਵਿਵਹਾਰ ਜਾਂ ਤਸਕਰੀ ਤੋਂ ਬਚੇ ਹੋਏ ਵਿਅਕਤੀ ਦੇ ਰੂਪ ਵਿੱਚ ਉਸੇ ਘਰ ਵਿੱਚ ਰਹਿ ਰਿਹਾ ਵਿਅਕਤੀ
- RGI ਹਾਊਸਿੰਗ ਪ੍ਰਾਪਤ ਕਰਨ ਦੇ ਯੋਗ
    - * ਦੁਰਵਿਵਹਾਰ ਵਿੱਚ ਸਰੀਰਕ ਜਾਂ ਜਿਨਸੀ ਹਿੰਸਾ, ਨਿਯੰਤਰਿਤ ਕਰਨ ਵਾਲਾ ਵਿਵਹਾਰ, ਸੰਪਤੀ ਦੀ ਜਾਣਬੁੱਝ ਕੇ ਤਬਾਹੀ, ਵਿੱਤੀ ਦੁਰਵਿਵਹਾਰ, ਬਾਲ ਦੁਰਵਿਵਹਾਰ, ਅਧਿਆਤਮਿਕ ਦੁਰਵਿਵਹਾਰ, ਤਕਨਾਲੋਜੀ ਨਾਲ ਆਸਾਨ ਬਣਾਈ ਗਈ ਹਿੰਸਾ, ਜ਼ਬਰਦਸਤੀ ਕਰਵਾਈ ਗਈ ਮਜ਼ਦੂਰੀ, ਜ਼ਬਰਦਸਤੀ ਕੈਦ, ਜਬਰ ਦੀ ਧਮਕੀ ਜਾਂ ਉਸਦੀ ਦੀ ਵਰਤੋਂ ਸਮੇਤ ਕਈ ਕਿਸਮ ਦੇ ਦੁਰਵਿਵਹਾਰ ਸ਼ਾਮਲ ਹਨ।
    - "ਦੁਰਵਿਵਹਾਰ ਕਰਨ ਵਾਲਾ" ਹੋ ਸਕਦਾ ਹੈ: ਪਰਿਵਾਰ ਵਿੱਚ ਕਿਸੇ ਦਾ ਮੌਜੂਦਾ ਜਾਂ ਪੁਰਾਣਾ ਨਜ਼ਦੀਕੀ ਸਾਥੀ, ਪਰਿਵਾਰ ਵਿੱਚ ਕਿਸੇ ਦਾ ਪਰਿਵਾਰਕ ਮੈਂਬਰ, ਪਰਿਵਾਰ ਵਿੱਚ ਕਿਸੇ ਦਾ ਇਮੀਗ੍ਰੇਸ਼ਨ ਸਪਾਂਸਰ, ਜਾਂ ਮਨੁੱਖੀ ਤਸਕਰੀ ਦਾ ਦੋਸ਼ੀ।

ਕਦੋਂ: ਦੁਰਵਿਵਹਾਰ ਵਾਲੇ ਸਬੰਧ/ਹਿੰਸਕ ਜਾਂ ਅਸੁਰੱਖਿਅਤ ਰਿਹਾਇਸ਼ ਛੱਡਣ ਦੇ ਤਿੰਨ ਮਹੀਨਿਆਂ ਦੇ ਅੰਦਰ SPP ਲਈ ਅਰਜ਼ੀ ਦਿਓ

**ਕਿਉਂ:** RGI ਹਾਊਸਿੰਗ ਦੀ ਉਡੀਕ ਨੂੰ ਘਟਾਉਣ ਲਈ SPP ਲਈ ਅਰਜ਼ੀ ਦਿਓ। ਇਹ ਤਰਜੀਹੀ ਪਹੁੰਚ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀ ਤੋਂ ਵੱਖ ਹੋਣ ਤੋਂ ਬਾਅਦ ਹਿੰਸਾ/ਦੁਰਵਿਹਾਰ ਦੇ ਤੁਹਾਡੇ ਵਧੇ ਹੋਏ ਜੋਖਮ 'ਤੇ ਅਧਾਰਤ ਹੈ।

**ਕਿੱਥੇ:** ਹਾਲਾਂਕਿ ਹਾਊਸਿੰਗ ਅਥਾਰਟੀਜ਼ ਨੂੰ ਸਿੱਧੇ ਤੌਰ 'ਤੇ ਅਰਜ਼ੀਆਂ ਦਿੱਤੀਆਂ ਜਾ ਸਕਦੀਆਂ ਹਨ, ਪਹਿਲਾਂ ਕਿਸੇ GBV ਵਰਕਰ, ਜਿਸ ਕੋਲ ਰਿਹਾਇਸ਼ ਦਾ ਵਿਸ਼ੇਸ਼ ਗਿਆਨ ਹੈ, ਨਾਲ ਜੁੜਨਾ ਮਦਦਗਾਰ ਹੁੰਦਾ ਹੈ। www.mulberryfinder.ca/THSP 'ਤੇ ਜਾਕੇ ਆਪਣੇ ਨੇੜੇ ਇੱਕ ਟ੍ਰਾਂਜ਼ੀਸ਼ਨਲ ਐਂਡ ਹਾਊਸਿੰਗ ਸਪੋਰਟ ਵਰਕਰ (THSP) ਲੱਭੋ ਇਸ ਪ੍ਰੋਗਰਾਮ ਤੱਕ ਪਹੁੰਚਣ ਲਈ ਤੁਹਾਨੂੰ ਕਿਸੇ ਸ਼ੈਲਟਰ ਵਿੱਚ ਰਹਿਣ ਦੀ ਲੋੜ ਨਹੀਂ ਹੈ।

ਕਿਵੇਂ: ਲੋੜੀਂਦੇ ਦਸਤਾਵੇਜ਼ਾਂ ਵਿੱਚ ਪਿਛਲੇ 3 ਮਹੀਨਿਆਂ ਵਿੱਚ ਇਕੱਠੇ ਰਹਿਣ (cohabitation) ਦਾ ਸਬੂਤ ਅਤੇ ਇੱਕ ਸਪੋਰਟ ਪੱਤਰ ਸ਼ਾਮਲ ਹੁੰਦਾ ਹੈ

- SPP ਐਪਲੀਕੇਸ਼ਨ ਨੂੰ ਪੂਰਾ ਕਰਨ ਵਿੱਚ ਸਹਾਇਤਾ ਲਈ ਆਪਣੀ ਸਥਾਨਕ GBV ਸੰਸਥਾ ਜਾਂ ਹਾਊਸਿੰਗ ਮੈਨੇਜਰ ਨਾਲ ਜੁੜੋ

- ਤੁਹਾਨੂੰ ਕੋਈ ਵੀ ਦਸਤਾਵੇਜ਼ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨ ਲਈ ਕਿਸੇ ਦੁਰਵਿਵਹਾਰ ਵਾਲੀ ਸਥਿਤੀ ਵਿੱਚ ਵਾਪਸ ਜਾਣ ਦੀ ਲੋੜ ਨਹੀਂ ਹੈ
- ਜੇਕਰ ਤੁਹਾਡੇ ਕੋਲ ਉਪਲਬਧ ਦਸਤਾਵੇਜ਼ ਨਹੀਂ ਹਨ ਜਾਂ ਤੁਸੀਂ ਅਰਜ਼ੀ ਦੀਆਂ ਸਮਾਂ-ਸੀਮਾਵਾਂ ਤੋਂ ਬਾਹਰ ਹੋ ਤਾਂ ਕੋਈ GBV ਸੰਸਥਾ ਜਾਂ ਕਾਨੂੰਨੀ ਸਹਾਇਤਾ ਤੁਹਾਡੀ ਤਰਫ਼ੋਂ ਵਕਾਲਤ ਕਰਨ ਦੇ ਯੋਗ ਹੋ ਸਕਦੀ ਹੈ।
- ਸਪੋਰਟ ਪੱਤਰ ਇੱਕ ਡਾਕਟਰ, ਨਰਸ, ਵਕੀਲ, ਅਧਿਆਪਕ, ਇੰਡਿਜਨਸ ਬਜ਼ੁਰਗ, ਸੋਸ਼ਲ ਵਰਕਰ ਜਾਂ ਮਨੋ-ਚਿਕਿਤਸਕ ਦੁਆਰਾ ਵੀ ਪ੍ਰਦਾਨ ਕੀਤਾ ਜਾ ਸਕਦਾ ਹੈ।

ਹੋਰ ਮਹੱਤਵਪੂਰਨ ਤੱਥ*:*

- ਕੁਝ ਯੋਗਤਾ ਨਿਯਮ ਸਥਾਨਕ ਹਾਊਸਿੰਗ ਸਰਵਿਸ ਮੈਨੇਜਰ ਦੁਆਰਾ ਨਿਰਧਾਰਤ ਕੀਤੇ ਜਾਂਦੇ ਹਨ ਅਤੇ ਸਾਰੇ ਭਾਈਚਾਰਿਆਂ ਵਿੱਚ ਵੱਖ-ਵੱਖ ਹੁੰਦੇ ਹਨ। ਉਦਾਹਰਨ ਲਈ, ਇੰਨ੍ਹਾਂ 'ਤੇ ਵਿਚਾਰ ਕਰਨ ਲਈ ਉਹ ਆਪਣੀ ਸੂਝ ਦੀ ਵਰਤੋਂ ਕਿਵੇਂ ਕਰਦੇ ਹਨ ਇਸ ਵਿੱਚ ਅੰਤਰ:
  - ਆਮਦਨੀ ਅਤੇ ਸੰਪਤੀ ਸੀਮਾਵਾਂ
  - ਮਿਸ ਕੀਤੀਆਂ ਸਮਾਂ-ਸੀਮਾਵਾਂ (ਉਦਾਹਰਨ ਲਈ, ਅਰਜ਼ੀ ਤੋਂ ਪਹਿਲਾਂ 3 ਮਹੀਨਿਆਂ ਦੇ ਅੰਦਰ ਦੁਰਵਿਵਹਾਰ ਕਰਨ ਵਾਲੇ ਵਿਅਕਤੀ ਨਾਲ ਨਾ ਰਹਿਣਾ)
  - ਨਾਮੌਜੂਦ ਦਸਤਾਵੇਜ਼
  - ਪਿਛਲਾ ਬਕਾਇਆ ਕਿਰਾਇਆ
- ਕੁਝ ਪੋਰਟਲਾਂ ਨੂੰ ਯੂਨਿਟਾਂ ਵਿੱਚ ਦਿਲਚਸਪੀ ਦਿਖਾਉਣ ਲਈ ਨਿਯਮਤ ਲੌਗਇਨ ਦੀ ਲੋੜ ਹੁੰਦੀ ਹੈ ਅਤੇ ਜੇਕਰ ਤੁਸੀਂ ਲੌਗਇਨ ਨਹੀਂ ਕਰਦੇ ਹੋ ਤਾਂ ਤੁਸੀਂ ਆਪਣਾ ਸਥਾਨ ਗੁਆ ਸਕਦੇ ਹੋ। ਬਹੁਤ ਸਾਰੇ ਬਚੇ ਹੋਏ ਲੋਕਾਂ, ਖਾਸ ਕਰਕੇ ਬਜ਼ੁਰਗ ਬਾਲਗਾਂ ਨੂੰ ਇਹ ਚੁਣੌਤੀਪੂਰਨ ਲੱਗਦਾ ਹੈ। ਇੱਕ THSP ਵਰਕਰ ਯੋਜਨਾ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਇਸਦਾ ਪ੍ਰਬੰਧਨ ਕਿਵੇਂ ਕਰਨਾ ਹੈ। www.mulberryfinder.ca/THSP 'ਤੇ ਜਾਕੇ ਆਪਣੇ ਨੇੜੇ ਇੱਕ ਟ੍ਰਾਂਜ਼ੀਸ਼ਨਲ ਐਂਡ ਹਾਊਸਿੰਗ ਸਪੋਰਟ ਵਰਕਰ (THSP) ਲੱਭੋ
- ਇੱਕ GBV ਸਪੋਰਟ ਅਤੇ ਹਾਊਸਿੰਗ ਮੈਨੇਜਰ ਨਾਲ ਜੁੜਨਾ ਵਿਵੇਕ ਦੀ ਵਰਤੋਂ ਦੁਆਰਾ ਐਪਲੀਕੇਸ਼ਨਾਂ ਨਾਲ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦਾ ਹੈ

## ਕੈਨੇਡਾ-ਓਨਟੈਰੀਓ ਪੋਰਟੇਬਲ ਬੈਨੀਫਿਟ (COHB):

ਕੀ: COHB ਇੱਕ ਅਸਥਾਈ/ਸਮਾਂ ਸੀਮਤ ਪੋਰਟੇਬਲ ਲਾਭ ਹੈ ਜਿਸਦੀ ਵਰਤੋਂ ਪ੍ਰਾਈਵੇਟ ਮਾਰਕਿਟ ਰੈਂਟਲ ਰਾਹੀਂ ਹਾਊਸਿੰਗ ਤੱਕ ਪਹੁੰਚ ਕਰਨ ਲਈ ਕੀਤੀ ਜਾ ਸਕਦੀ ਹੈ। COHB ਦੀ ਰਕਮ ਦੀ ਗਣਨਾ ਤੁਹਾਡੀ ਘਰੇਲੂ ਆਮਦਨ ਦੇ 30% ਅਤੇ ਖੇਤਰ ਵਿੱਚ ਔਸਤ ਮਾਰਕਿਟ ਕਿਰਾਏ ਦੇ 80% ਵਿਚਕਾਰ ਅੰਤਰ ਦੇ ਅਧਾਰ 'ਤੇ ਕੀਤੀ ਜਾਂਦੀ ਹੈ। COHB ਦੀ ਉਪਲਬਧਤਾ ਅਤੇ ਮਾਤਰਾ ਵੱਖ-ਵੱਖ ਖੇਤਰਾਂ (2) ਵਿੱਚ ਵੱਖਰੀ ਹੁੰਦੀ ਹੈ।

  - ਪੋਰਟੇਬਲ ਦਾ ਮਤਲਬ ਹੈ ਕਿ ਇਹ ਤੁਹਾਡੇ ਨਾਲ ਜਾ ਸਕਦਾ ਹੈ - ਤੁਹਾਨੂੰ ਇਸ ਲਾਭ ਦੀ ਵਰਤੋਂ ਕਰਨ ਲਈ ਕਿਸੇ ਖਾਸ ਕਮਿਊਨਿਟੀ ਵਿੱਚ ਰਹਿਣ ਦੀ ਲੋੜ ਨਹੀਂ ਹੈ, ਅਤੇ ਜੇਕਰ ਤੁਸੀਂ ਕਿਸੇ ਵੱਖਰੀ ਕਿਰਾਏ ਦੀ ਯੂਨਿਟ ਜਾਂ ਕਿਸੇ ਵੱਖਰੀ ਕਮਿਊਨਿਟੀ ਵਿੱਚ ਜਾਣ ਦੀ ਚੋਣ ਕਰਦੇ ਹੋ ਤਾਂ ਇਸ ਲਾਭ ਤੱਕ ਪਹੁੰਚ ਜਾਰੀ ਰੱਖ ਸਕਦੇ ਹੋ।
  - COHB ਦਾ ਭੁਗਤਾਨ ਸਰਵਿਸ ਮੈਨੇਜਰਾਂ ਦੁਆਰਾ ਸਿੱਧੇ ਮਕਾਨ ਮਾਲਕਾਂ ਨੂੰ ਕੀਤਾ ਜਾ ਸਕਦਾ ਹੈ।

**ਕੌਣ:** ਬਿਨੈਕਾਰ ਲਾਜ਼ਮੀ ਤੌਰ 'ਤੇ ਸੋਸ਼ਲ ਹਾਊਸਿੰਗ ਦੀ ਉਡੀਕ ਸੂਚੀ ਵਿੱਚ ਹੋਣ ਦੇ ਯੋਗ ਹੋਣੇ ਚਾਹੀਦੇ ਹਨ।

ਘਰੇਲੂ ਹਿੰਸਾ, ਮਨੁੱਖੀ ਤਸਕਰੀ ਤੋਂ ਬਚੇ ਲੋਕਾਂ, ਬੇਘਰ/ਬੇਘਰ ਹੋਣ ਦਾ ਸਾਹਮਣਾ ਕਰਨ ਵਾਲੇ ਲੋਕਾਂ, ਇੰਡਿਜਨਸ ਵਿਅਕਤੀਆਂ, ਬਜ਼ੁਰਗਾਂ, ਅਪਾਹਜ ਲੋਕਾਂ ਅਤੇ ਅਜਿਹੇ ਪਰਿਵਾਰਾਂ ਦੀਆਂ ਅਰਜ਼ੀਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਨ੍ਹਾਂ ਨੇ ਹੋਰ ਹਾਊਸਿੰਗ ਸਹਾਇਤਾ ਪ੍ਰੋਗਰਾਮਾਂ ਵਿੱਚ ਤਬਦੀਲੀਆਂ ਦੇ ਨਤੀਜੇ ਵਜੋਂ ਸਹਾਇਤਾ ਪ੍ਰਾਪਤ ਕਰਨੀ ਬੰਦ ਕਰ ਦਿੱਤੀ ਹੈ। ਕੁਝ ਸਥਿਤੀਆਂ ਵਿੱਚ, ਘਰ ਦੇ ਮਾਲਕ ਯੋਗ ਹੋ ਸਕਦੇ ਹਨ।

COHB ਤੱਕ ਪਹੁੰਚ ਕਰਨ ਲਈ ਤੁਹਾਨੂੰ ਕਿਸੇ ਸ਼ੈਲਟਰ ਵਿੱਚ ਰਹਿਣ ਦੀ ਲੋੜ ਨਹੀਂ ਹੈ।

**ਕਦੋਂ:** ਤਕਨੀਕੀ ਤੌਰ 'ਤੇ ਤੁਸੀਂ COHB ਲਈ ਕਿਸੇ ਵੀ ਸਮੇਂ ਅਰਜ਼ੀ ਦੇ ਸਕਦੇ ਹੋ, ਹਾਲਾਂਕਿ ਕਈ ਵਾਰ ਇਹ ਇੱਕ ਸਮੇਂ ਵਿੱਚ ਸਿਰਫ ਕੁਝ ਮਹੀਨਿਆਂ ਲਈ ਉਪਲਬਧ ਹੁੰਦਾ ਹੈ। ਆਪਣੇ ਸਥਾਨਕ ਸਰਵਿਸ ਮੈਨੇਜਰ ਨਾਲ ਗੱਲ ਕਰੋ ਕਿ ਕੀ ਅਰਜ਼ੀਆਂ ਸਵੀਕਾਰ ਕੀਤੀਆਂ ਜਾ ਰਹੀਆਂ ਹਨ।

ਬਹੁਤ ਸਾਰੇ ਮਾਮਲਿਆਂ ਵਿੱਚ ਤੁਹਾਨੂੰ COHB ਪ੍ਰਾਪਤ ਕਰਨ ਲਈ ਮੂਵ ਕਰਨ ਦੀ ਲੋੜ ਨਹੀਂ ਹੁੰਦੀ ਹੈ, ਇਸਦੀ ਵਰਤੋਂ ਉੱਥੇ ਕਿਰਾਏ ਦਾ ਭੁਗਤਾਨ ਕਰਨ ਲਈ ਕੀਤੀ ਜਾ ਸਕਦੀ ਹੈ ਜਿੱਥੇ ਤੁਸੀਂ ਵਰਤਮਾਨ ਵਿੱਚ ਰਹਿ ਰਹੇ ਹੋ।

COHB ਦਾ ਸਾਲਾਨਾ ਨਵੀਨੀਕਰਨ ਕੀਤਾ ਜਾਣਾ ਲਾਜ਼ਮੀ ਹੈ। ਹਰ ਸਾਲ 30 ਅਪ੍ਰੈਲ ਤੱਕ, ਸਾਰੇ ਆਮਦਨ ਕਮਾਉਣ ਵਾਲਿਆਂ ਲਈ ਮਾਸਿਕ ਲਾਭ ਦੀ ਗਣਨਾ ਕਰਨ ਦੀ ਇਜਾਜ਼ਤ ਦੇਣ ਲਈ ਇੱਕ ਸੰਘੀ ਆਮਦਨ ਟੈਕਸ ਰਿਟਰਨ ਜਮ੍ਹਾ ਕਰਨਾ ਲਾਜ਼ਮੀ ਹੈ ਤਾਂ ਜੋ ਉਹ ਲਾਭ ਪ੍ਰਾਪਤ ਕਰਨਾ ਜਾਰੀ ਰੱਖ ਸਕਣ।

**ਕਿੱਥੇ:** ਆਪਣੇ ਸਰਵਿਸ ਮੈਨੇਜਰ ਨਾਲ ਸੰਪਰਕ ਕਰੋ: bit.ly/FindServiceManagerOntario ਯੋਗਤਾ ਨਿਰਧਾਰਤ ਕਰਨ ਅਤੇ COHB ਲਈ ਅਰਜ਼ੀ ਦੇਣ ਵਿੱਚ ਸਹਾਇਤਾ ਲਈ ਤੁਸੀਂਸਥਾਨਕ GBV ਸਰਵਿਸ ਨਾਲ ਵੀ ਜੁੜ ਸਕਦੇ ਹੋ। COHB ਭਾਗੀਦਾਰ ਲਾਭ ਦੀ ਗਣਨਾ ਬਾਰੇ ਵਧੇਰੇ ਜਾਣਕਾਰੀ ਲਈ, ਜਾਂ ਲਾਭ ਦੀ ਰਕਮ ਦੇ ਮੁੜ ਨਿਰਧਾਰਨ ਦੀ ਬੇਨਤੀ ਕਰਨ ਲਈ ਸਰਵਿਸ ਓਨਟੈਰੀਓ ਇਨਫਰਮੇਸ਼ਨ ਸੈਂਟਰ ਨਾਲ ਸੰਪਰਕ ਕਰ ਸਕਦੇ ਹਨ: www.ontario.ca/locations/serviceontario

ਕਿਉਂ: ਕਿਸੇ ਪ੍ਰਾਈਵੇਟ ਕਿਰਾਏ ਦੇ ਘਰ ਦੀਆਂ ਲਾਗਤਾਂ ਨੂੰ ਪੂਰਾ ਕਰਨ ਲਈ COHB ਦੀ ਵਰਤੋਂ ਕਰੋ। ਤੁਹਾਨੂੰ ਅਜੇ ਵੀ ਕਿਰਾਏ ਦੇ ਕੁਝ ਹਿੱਸੇ ਨੂੰ ਕਵਰ ਕਰਨ ਦੀ ਲੋੜ ਹੋਵੇਗੀ। ਜੇਕਰ ਤੁਸੀਂ COHB ਨੂੰ ਸਵੀਕਾਰ ਕਰਦੇ ਹੋ, ਤਾਂ ਤੁਹਾਨੂੰ ਕੋਈ ਵੀ ਮੌਜੂਦਾ RGI ਉਡੀਕ ਸੂਚੀਆਂ ਤੋਂ ਹਟਾ ਦਿੱਤਾ ਜਾਵੇਗਾ, ਭਾਵੇਂ ਤੁਸੀਂ ਸਪੈਸ਼ਲ ਪ੍ਰਾਇਔਰਿਟੀ ਪ੍ਰੋਗਰਾਮ ਰਾਹੀਂ RGI ਲਈ ਅਰਜ਼ੀ ਦਿੱਤੀ ਹੋਵੇ ਜਾਂ ਨਹੀਂ। ਲਚਕਤਾ ਜਾਂ ਸਮਾਂ-ਸੀਮਤ ਰਿਹਾਇਸ਼ ਦੀ ਭਾਲ ਕਰਨ ਜਾਂ ਰਿਹਾਇਸ਼ ਕਾਇਮ ਰੱਖਣ ਲਈ COHB ਮਦਦਗਾਰ ਹੋ ਸਕਦਾ ਹੈ। ਕਿਰਪਾ ਕਰਕੇ ਨੋਟ ਕਰੋ ਕਿ ਇਹ ਪਤਾ ਨਹੀਂ ਹੈ ਕਿ ਕੀ 2029 ਤੋਂ ਬਾਅਦ COHB ਉਪਲਬਧ ਹੋਵੇਗਾ ਜਾਂ ਨਹੀਂ।

**ਕਿਵੇਂ:** ਬਿਨੈ-ਪੱਤਰ ਦੀ ਪ੍ਰਕਿਰਿਆ ਦੌਰਾਨ ਮੰਗੀ ਗਈ ਜਾਣਕਾਰੀ ਵਿੱਚ ਇਨਕਮ ਟੈਕਸ ਮੁਲਾਂਕਣ ਅਤੇ ਕਨੇਡੀਅਨ ਰੈਵੇਨਿਊ ਏਜੰਸੀ (CRC) ਨਾਲ ਜਾਣਕਾਰੀ ਸਾਂਝੀ ਕਰਨ ਲਈ ਸਹਿਮਤੀ ਸ਼ਾਮਲ ਹੋਵੇਗੀ।

## ਮਿਉਂਸਪਲ ਰੈਂਟ ਸਪਲੀਮੈਂਟ/ਰੈਂਟ ਸਬਸਿਡੀਆਂ:

**ਕੀ:** ਰੈਂਟ ਸਪਲੀਮੈਂਟ/ਸਬਸਿਡੀਆਂ ਇੱਕ ਅਸਥਾਈ ਅਤੇ ਸਮਾਂ-ਸੀਮਤ ਲਾਭ ਹੈ ਜੋ ਘੱਟ ਆਮਦਨੀ ਵਾਲੇ ਵਿਅਕਤੀਆਂ ਅਤੇ ਬੇਘਰ ਹੋਣ ਦੇ ਜੋਖਮ ਵਿੱਚ ਪਰਿਵਾਰਾਂ ਨੂੰ ਦਿੱਤਾ ਜਾਂਦਾ ਹੈ। ਫੰਡ ਪ੍ਰਦਾਨ ਕੀਤੇ ਜਾਂਦੇ ਹਨ ਜੋ ਪ੍ਰਾਈਵੇਟ ਮਾਰਕਿਟ ਵਿੱਚ ਕਿਰਾਏ ਦਾ ਭੁਗਤਾਨ ਕਰਨ ਵਿੱਚ ਮਦਦ ਕਰ ਸਕਦੇ ਹਨ, ਪਰ ਅਕਸਰ ਇਹ ਥੋੜ੍ਹੇ ਸਮੇਂ ਲਈ ਹੁੰਦਾ ਹੈ।

**ਕੌਣ:** ਇਹ ਵੱਖ-ਵੱਖ ਖੇਤਰਾਂ ਵਿੱਚ ਵੱਖਰਾ ਹੁੰਦਾ ਹੈ, ਪਰ GBV ਦੇ ਬਚੇ ਹੋਏ ਲੋਕਾਂ ਨੂੰ ਕਈ ਵਾਰ ਤਰਜੀਹੀ ਸਮੂਹ ਵਜੋਂ ਪਛਾਣਿਆ ਜਾਂਦਾ ਹੈ।

**ਕਦੋਂ:** ਇਹ ਵੀ ਸਾਰੇ ਖੇਤਰਾਂ ਵਿੱਚ ਵੱਖਰਾ ਹੁੰਦਾ ਹੈ। ਸਮਾਂ ਸੀਮਾਵਾਂ ਤੁਹਾਡੀਆਂ ਮੌਜੂਦਾ ਲੋੜਾਂ 'ਤੇ ਆਧਾਰਿਤ ਹੋ ਸਕਦੀਆਂ ਹਨ। ਕਈ ਵਾਰ ਲੰਬੇ ਸਮੇਂ ਦੇ ਵਿਕਲਪ ਉਪਲਬਧ ਹੁੰਦੇ ਹਨ।

**ਕਿੱਥੇ:** ਆਪਣੇ ਸਥਾਨਕ ਸਰਵਿਸ ਮੈਨੇਜਰ ਨਾਲ ਸੰਪਰਕ ਕਰੋ: bit.ly/FindServiceManagerOntario ਰੈਂਟ ਸਪਲੀਮੈਂਟ/ਸਬਸਿਡੀਆਂ ਸਿੱਧੇ ਤੁਹਾਡੀ ਨਗਰਪਾਲਿਕਾ ਤੋਂ ਉਪਲਬਧ ਹੋ ਸਕਦੀਆਂ ਹਨ।

**ਕਿਉਂ:** ਤੁਸੀਂ ਵਰਤਮਾਨ ਵਿੱਚ ਬੇਘਰ ਹੋ, ਜਾਂ ਤੁਹਾਡਾ ਰਿਹਾਇਸ਼ ਗੁਆਉਣ ਅਤੇ ਬੇਘਰ ਹੋਣ ਦਾ ਜੋਖਮ ਹੈ।

**ਕਿਵੇਂ:** ਬਿਨੈ-ਪੱਤਰ ਦੀ ਪ੍ਰਕਿਰਿਆ ਵੱਖ-ਵੱਖ ਭਾਈਚਾਰਿਆਂ ਵਿੱਚ ਵੱਖਰੀ ਹੁੰਦੀ ਹੈ।

## ਟ੍ਰਾਂਜ਼ੀਸ਼ਨਲ ਹਾਊਸਿੰਗ, ਸਪੋਰਟਿਵ ਹਾਊਸਿੰਗ ਅਤੇ ਸੈਕਿੰਡ-ਸਟੇਜ ਹਾਊਸਿੰਗ

**ਕੀ:** ਟ੍ਰਾਂਜ਼ੀਸ਼ਨਲ ਹਾਊਸਿੰਗ, ਸਪੋਰਟਿਵ ਹਾਊਸਿੰਗ ਅਤੇ ਸੈਕਿੰਡ-ਸਟੇਜ ਹਾਊਸਿੰਗ ਪ੍ਰੋਗਰਾਮ ਪਰਿਵਰਤਨਸ਼ੀਲ ਅਵਧੀਆਂ/ਪੜਾਵਾਂ ਦੌਰਾਨ ਥੋੜ੍ਹੇ ਸਮੇਂ ਲਈ ਕਿਫਾਇਤੀ ਹਾਊਸਿੰਗ ਰਿਹਾਇਸ਼ਾਂ ਦੀ ਪੇਸ਼ਕਸ਼ ਕਰਦੇ ਹਨ।

- ਕਿਰਾਏ ਦੀਆਂ ਦਰਾਂ ਆਮ ਤੌਰ 'ਤੇ ਆਮਦਨ ਦੇ ਹਿਸਾਬ ਨਾਲ ਹੁੰਦੀਆਂ ਹਨ।
- ਕਾਉਂਸਲਿੰਗ, ਰੋਜ਼ਗਾਰ ਅਤੇ ਆਮਦਨੀ ਸਹਾਇਤਾਵਾਂ ਸਮੇਤ ਹੋਰ ਰੈਪ ਅਰਾਉਂਡ ਸਹਾਇਤਾਵਾਂ, ਟ੍ਰਾਂਜ਼ੀਸ਼ਨਲ ਹਾਊਸਿੰਗ ਸੰਗਠਨ ਦੁਆਰਾ ਉਪਲਬਧ ਹੋ ਸਕਦੀਆਂ ਹਨ
- GBV ਤੋਂ ਬਚੇ ਲੋਕਾਂ ਲਈ ਤਿਆਰ ਕੀਤੇ ਗਏ ਟ੍ਰਾਂਜ਼ੀਸ਼ਨਲ ਅਤੇ ਸੈਕਿੰਡ-ਸਟੇਜ ਹਾਊਸਿੰਗ ਲਈ ਵਾਧੂ ਸੁਰੱਖਿਆ ਉਪਾਅ (ਇਮਾਰਤ ਦੀਆਂ ਭੌਤਿਕ ਵਿਸ਼ੇਸ਼ਤਾਵਾਂ, ਇਮਾਰਤ ਵਿੱਚ ਕੌਣ ਹੋ ਸਕਦਾ ਹੈ 'ਤੇ ਪਾਬੰਦੀਆਂ) ਵੀ ਸਥਾਪਿਤ ਕੀਤੇ ਗਏ ਹੋ ਸਕਦੇ ਹਨ।

**ਕੌਣ:** ਟ੍ਰਾਂਜ਼ੀਸ਼ਨਲ ਹਾਊਸਿੰਗ, ਸਪੋਰਟਿਵ ਹਾਊਸਿੰਗ ਅਤੇ ਸੈਕਿੰਡ-ਸਟੇਜ ਹਾਊਸਿੰਗ ਅਕਸਰ ਇੱਕ ਖਾਸ ਸਮੂਹ ਲਈ ਵਿਸ਼ੇਸ਼ ਹੁੰਦੀ ਹੈ ਜੋ ਲੰਬੇ ਸਮੇਂ ਦੀ ਰਿਹਾਇਸ਼ ਵਿੱਚ ਤਬਦੀਲ ਹੋ ਰਿਹਾ ਹੈ। ਇਸ ਵਿੱਚ GBV ਦੇ ਬਚੇ ਲੋਕਾਂ ਲਈ ਤਿਆਰ ਕੀਤੀ ਗਈ ਟ੍ਰਾਂਜ਼ੀਸ਼ਨਲ ਹਾਊਸਿੰਗ, ਸਪੋਰਟਿਵ ਹਾਊਸਿੰਗ ਅਤੇ ਸੈਕਿੰਡ-ਸਟੇਜ ਹਾਊਸਿੰਗ ਸ਼ਾਮਲ ਹੈ ਜੋ ਦੁਰਵਿਵਹਾਰ ਵਾਲੀਆਂ ਸਥਿਤੀਆਂ ਨੂੰ ਛੱਡ ਰਹੇ ਹਨ ਅਤੇ ਸ਼ੈਲਟਰ ਪ੍ਰੋਗਰਾਮਾਂ ਤੋਂ ਬਾਹਰ ਆ ਰਹੇ ਹਨ। ਕੁਝ ਖੇਤਰਾਂ ਵਿੱਚ, ਉਮਰ, ਸੱਭਿਆਚਾਰ, ਜਾਂ ਯੋਗਤਾ ਲਈ ਵਿਸ਼ੇਸ਼ ਟ੍ਰਾਂਜ਼ੀਸ਼ਨਲ ਹਾਊਸਿੰਗ, ਸਪੋਰਟਿਵ ਹਾਊਸਿੰਗ ਅਤੇ ਸੈਕਿੰਡ-ਸਟੇਜ ਹਾਊਸਿੰਗ ਵੀ ਉਪਲਬਧ ਹੈ। ਉਦਾਹਰਨ ਲਈ, ਇੰਡਿਜਨਸ ਔਰਤਾਂ ਲਈ ਸੈਕਿੰਡ-ਸਟੇਜ ਹਾਊਸਿੰਗ।

**ਕਦੋਂ:** ਕਈ ਮਹੀਨੇ + (ਇਹ ਸੰਗਠਨਾਤਮਕ ਨੀਤੀਆਂ ਅਤੇ ਉਪਲਬਧ ਰਿਹਾਇਸ਼ੀ ਵਿਕਲਪਾਂ ਦੇ ਅਧਾਰ ਤੇ ਵੱਖ-ਵੱਖ ਹੋ ਸਕਦਾ ਹੈ)

**ਕਿੱਥੇ:** ਟ੍ਰਾਂਜ਼ੀਸ਼ਨਲ ਅਤੇ ਸੈਕਿੰਡ-ਸਟੇਜ ਹਾਊਸਿੰਗ ਸੰਸਥਾਵਾਂ ਓਨਟੈਰੀਓ ਭਰ ਵਿੱਚ ਸਥਿਤ ਹਨ। ਕੁਝ ਟ੍ਰਾਂਜ਼ੀਸ਼ਨਲ ਹਾਊਸਿੰਗ ਯੂਨਿਟ ਸਥਾਨਕ ਸ਼ੈਲਟਰਾਂ ਦੇ ਨਾਲ ਸਿੱਧੇ ਜੁੜੇ ਹੁੰਦੇ ਹਨ ਅਤੇ ਸ਼ੈਲਟਰਾਂ ਦੇ ਨੇੜੇ-ਤੇੜੇ ਸਥਿਤ ਹੋ ਸਕਦੇ ਹਨ। ਟ੍ਰਾਂਜ਼ੀਸ਼ਨਲ ਹਾਊਸਿੰਗ ਸੰਸਥਾਵਾਂ ਸਥਾਨਕ ਸ਼ੈਲਟਰ ਤੋਂ ਵੱਖਰੇ ਤੌਰ 'ਤੇ ਕੰਮ ਕਰ ਸਕਦੀਆਂ ਹਨ ਅਤੇ ਯੂਨਿਟ ਵੀ ਕਮਿਊਨਿਟੀ ਵਿੱਚ ਕਿਤੇ ਹੋਰ ਸਥਿਤ ਹੋ ਸਕਦੇ ਹਨ।

**ਕਿਉਂ:** ਟ੍ਰਾਂਜ਼ੀਸ਼ਨਲ ਅਤੇ ਸੈਕਿੰਡ-ਸਟੇਜ ਹਾਊਸਿੰਗ ਅਸਥਾਈ/ਅੰਤਰਿਮ ਹਾਊਸਿੰਗ ਦੀ ਮੰਗ ਕਰਨ ਵਾਲੇ ਬਚੇ ਹੋਏ ਲੋਕਾਂ ਲਈ ਮਦਦਗਾਰ ਹੋ ਸਕਦੀ ਹੈ ਜਦੋਂ ਉਹ ਸਥਾਈ ਹਾਊਸਿੰਗ ਲਈ ਕੰਮ ਕਰਦੇ ਹਨ, ਅਤੇ ਨਾਲ ਹੀ ਉਹ ਜਿਹੜੇ ਹਿੰਸਾ ਦੇ ਆਪਣੇ ਤਜ਼ਰਬਿਆਂ ਨਾਲ ਸਬੰਧਤ ਵਾਧੂ ਸਹਾਇਤਾ ਅਤੇ ਸੁਰੱਖਿਆ ਦੀ ਮੰਗ ਕਰਦੇ ਹਨ।

**ਕਿਵੇਂ:** ਅਰਜ਼ੀਆਂ ਨੂੰ ਆਮ ਤੌਰ 'ਤੇ ਟ੍ਰਾਂਜ਼ੀਸ਼ਨਲ ਹਾਊਸਿੰਗ ਸੰਸਥਾਵਾਂ ਦੁਆਰਾ ਸਿੱਧੇ ਤੌਰ 'ਤੇ ਸੰਭਾਲਿਆ ਜਾਂਦਾ ਹੈ।
ਇਸ ਲਈ mulberryfinder.ca 'ਤੇ ਜਾਓ:

- ਤੁਹਾਡੇ ਭਾਈਚਾਰੇ ਵਿੱਚ ਉਪਲਬਧ ਟ੍ਰਾਂਜ਼ੀਸ਼ਨਲ, ਸਪੋਰਟਿਵ, ਜਾਂ ਸੈਕਿੰਡ-ਸਟੇਜ ਹਾਊਸਿੰਗ ਦੇ ਵਿਕਲਪਾਂ ਬਾਰੇ ਹੋਰ ਜਾਣੋ
- ਵਾਧੂ ਰਿਹਾਇਸ਼ ਸੰਬੰਧੀ ਸਾਧਨਾਂ, ਜਿਵੇਂ ਕਿ ਟ੍ਰਾਂਜ਼ੀਸ਼ਨਲ ਹਾਊਸਿੰਗ ਸਪੋਰਟ ਵਰਕਰਾਂ, ਨੂੰ ਲੱਭਣ ਲਈ, mulberryfinder.ca 'ਤੇ ਜਾਓ

## ਆਪਣੇ ਸਥਾਨਕ ਹਾਊਸਿੰਗ ਸਰਵਿਸ ਮੈਨੇਜਰ ਨਾਲ ਸੰਪਰਕ ਕਰੋ:

ਸਾਰੇ ਸਰਵਿਸ ਮੈਨੇਜਰਾਂ ਦੀ ਸੂਚੀ ਵੇਖੋ: bit.ly/FindServiceManagerOntario

## ਆਪਣੀ ਸਥਾਨਕ GBV ਸੰਸਥਾ ਨਾਲ ਸੰਪਰਕ ਕਰੋ:

ਓਨਟੈਰੀਓ ਵਿੱਚ ਸਾਰੇ ਟ੍ਰਾਂਜ਼ੀਸ਼ਨਲ ਪ੍ਰੋਗਰਾਮਾਂ ਦੀ ਸੂਚੀ ਵੇਖੋ: www.mulberryfinder.ca/THSP

ਇਸ ਸਾਧਨ ਨੂੰ ਹੋਰ ਭਾਸ਼ਾਵਾਂ ਵਿੱਚ ਐਕਸੈਸ ਕਰੋ: www.mulberryfinder.ca/HousingSupports

ਹਵਾਲੇ:


1. ਸਟੈਪਸ ਟੂ ਜਸਟਿਸ ਤੋਂ ਅਨੁਕੂਲਿਤ, ਇਸ ਤੋਂ ਐਕਸੈਸ ਕੀਤਾ ਗਿਆ: https://stepstojustice.ca/steps/housing-law/3-learn-more-about-how-to-apply
2. COHB ਗਾਇਡਲਾਈਨਾਂ, ਇਸ ਤੋਂ ਐਕਸੈਸ ਕੀਤੀਆਂ ਗਈਆਂ: https://www.msdsb.net/images/ADMIN/correspondence/2020/COHB_Program_Guidelines_Final.pdf